# ਯੂਨੀਵਰਸਿਟੀ ਕਾਲਜ, ਜੈਤੋ (ਫ਼ਰੀਦਕੋਟ)

(ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਕਾਂਸਟੀਚੂਐਂਟ ਕਾਲਜ)

email: ucjaito2014@gmail.com

Ref. No. UC/Jaito/**2024**/**8996** Date **11.10.2024**

ADVERTISEMENT

ਡੀਨ ਅਕਾਦਮਿਕ ਮਾਮਲੇ, ਪੰਜਾਬੀ ਯੂਨੀਵਰਸਿਟੀ ਪਟਿਆਲਾ ਪਾਸੋਂ ਮਿਲੀ ਪ੍ਰਵਾਨਗੀ ਦੀ ਲੋਅ ਵਿੱਚ ਯੂਨੀਵਰਸਿਟੀ ਕਾਲਜ, ਜੈਤੋ (ਫ਼ਰੀਦਕੋਟ) ਵਿਖੇ ਅੰਡਰ-ਗ੍ਰੈਜੂਏਟ ਕੋਰਸਾਂ ਨੂੰ ਅਕਾਦਮਿਕ ਸੈਸ਼ਨ 2024-25 ਦੌਰਾਨ ਪੜ੍ਹਾਉਣ ਲਈ ਨਿਰੋਲ ਆਰਜ਼ੀ ਤੌਰ 'ਤੇ ਹੇਠ ਲਿਖੇ ਵੱਖ-ਵੱਖ ਵਿਸ਼ਿਆਂ ਦੇ ਪੀ.ਟੀ.ਏ. ਫ਼ੰਡ ਬੇਸਿਡ ਅਧਿਆਪਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਿਯਮਾਂ ਅਨੁਸਾਰ "ਪੀ.ਟੀ.ਏ. ਫੰਡ" ਵਿੱਚੋਂ ਰੱਖਣ ਲਈ ਬੇਨਤੀ ਪੱਤਰ ਮੰਗੇ ਜਾਂਦੇ ਹਨ। ਯੂਨੀਵਰਸਿਟੀ ਨਿਯਮਾਂ ਅਨੁਸਾਰ ਪੀ-ਐਚ.ਡੀ/ਨੈੱਟ ਕੁਆਲੀਫ਼ਾਈਡ ਅਧਿਆਪਕ ਨੂੰ 20000/- ਰੁਪਏ ਪ੍ਰਤੀ ਮਹੀਨਾ ਉੱਕਾ-ਪੁੱਕਾ ਅਤੇ ਬਿਨਾਂ ਨੈੱਟ ਪਾਸ/ ਬਿਨਾਂ ਪੀ-ਐੱਚ.ਡੀ. ਅਧਿਆਪਕ ਨੂੰ 18000/- ਰੁਪਏ ਪ੍ਰਤੀ ਮਹੀਨਾ ਉੱਕਾ-ਪੁੱਕਾ ਮਿਹਨਤਾਨਾ ਦਿੱਤਾ ਜਾਵੇਗਾ।

| ਲੜੀ ਨੰ: | ਵਿਸ਼ਾ | ਲੋੜੀਂਦੇ ਅਧਿਆਪਕ |
|---|---|---|
| 01 | ਕੰਪਿਊਟਰ ਸਾਇੰਸ | 03 |
| 02 | ਇੰਗਲਿਸ਼ | 01 |
| 03 | ਬਾਟਨੀ | 01 |
| 04 | ਪੰਜਾਬੀ | 01 |
| 05 | ਕਾਮਰਸ | 01 |
| 06 | ਕੈਮਿਸਟਰੀ | 01 |

- ਉਮੀਦਵਾਰ ਯੂ.ਜੀ.ਸੀ. 2018 ਦੀਆਂ ਗਾਈਡ ਲਾਈਨਜ਼ ਅਨੁਸਾਰ ਅਸਿਸਮੈਂਟ ਪ੍ਰੋਫ਼ੈਸਰ ਦੀਆਂ ਯੋਗਤਾਵਾਂ ਪੂਰੀਆਂ ਕਰਦਾ ਹੋਵੇ।
- ਪੀ.ਟੀ.ਏ. ਫ਼ੰਡ ਅਧੀਨ ਅਧਿਆਪਕਾਂ ਨੂੰ ਲੈਕਚਰ ਲਗਾਉਣ ਤੋਂ ਇਲਾਵਾ ਕਾਲਜ ਦੇ ਹੋਰ ਅਕਾਦਮਿਕ / ਸਹਿ-ਅਕਾਦਮਿਕ ਕੰਮ ਸੌਂਪੇ ਜਾ ਸਕਦੇ ਹਨ।
- ਪੀ.ਟੀ.ਏ. ਅਧਿਆਪਕਾਂ ਦੇ ਕਾਰਜ ਦੀ ਅਵਧੀ ਆਰਜ਼ੀ ਤੌਰ 'ਤੇ ਸਮੈਸਟਰ / ਅਕਾਦਮਿਕ ਸੈਸ਼ਨ 2024-25 ਤੱਕ ਦੀ ਹੋਵੇਗੀ।

ਉਪਰੋਕਤ ਵਿਸ਼ਿਆਂ ਲਈ ਜੋ ਵੀ ਯੋਗ ਉਮੀਦਵਾਰ ਅਪਲਾਈ ਕਰਨਾ ਚਾਹੁੰਦੇ ਹਨ ਉਹ ਮਿਤੀ 18.10.2024 ਤੱਕ ਆਪਣੀਆਂ ਵਿਦਿਅਕ ਯੋਗਤਾਵਾਂ ਦੀਆਂ ਸਵੈ-ਤਸਦੀਕ ਕਾਪੀਆਂ ਸਮੇਤ ਬਿਨੈ-ਪੱਤਰ ਕਾਲਜ ਦਫ਼ਤਰ ਵਿਖੇ ਦਸਤੀ ਜਮ੍ਹਾਂ ਕਰਵਾ ਸਕਦੇ ਹਨ ਜਾਂ ਕਾਲਜ ਦੀ ਈ.ਮੇਲ ਆਡੀ ਤੇ PDF ਫਾਈਲ ਬਣਾ ਕੇ ਵੀ ਭੇਜ ਸਕਦੇ ਹਨ। ਨਿਸ਼ਚਿਤ ਮਿਤੀ ਤੋਂ ਬਾਅਦ ਬਿਨੈ ਪੱਤਰ ਸਵੀਕਾਰ ਨਹੀਂ ਕੀਤਾ ਜਾਵੇਗਾ।

ਉਪਰੋਕਤ ਅਸਾਮੀਆਂ ਦੀ ਗਿਣਤੀ ਨੂੰ ਕਾਲਜ ਦੀ ਲੋੜ ਅਨੁਸਾਰ ਵਧਾਇਆ-ਘਟਾਇਆ ਜਾਂ ਰੱਦ ਕੀਤਾ ਜਾ ਸਕਦਾ ਹੈ। ਇਹਨਾਂ ਅਧਿਆਪਕਾਂ ਨੂੰ ਨਿਰੋਲ ਆਰਜੀ ਆਧਾਰ ਤੇ ਰੱਖਿਆ ਜਾਵੇਗਾ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਿਯਮਾਂ ਅਨੁਸਾਰ ਮਿਹਨਤਾਨਾ ਦਿੱਤਾ ਜਾਵੇਗਾ।

ਇੰਟਰਵਿਊ ਦੀ ਮਿਤੀ ਅਤੇ ਸਥਾਨ ਬਾਰੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਵੈਬਸਾਈਟ ਦੇ 'ਖਾਲੀ ਅਸਾਮੀਆਂ' ਸਬੰਧੀ ਪੋਰਟਲ ਰਾਹੀ ਸੂਚਿਤ ਕੀਤਾ ਜਾਵੇਗਾ।

ਇੰਚਾਰਜ
ਯੂਨੀਵਰਸਿਟੀ ਕਾਲਜ
ਜੈਤੋ (ਫਰੀਦਕੋਟ)